# ਮਿਤੀ 20.2.2015 ਨੂੰ ਹੋਈ 13ਵੇਂ ਵਿੱਤ ਕਮਿਸਨ ਦੀ ਗਰਾਂਟ ਅਧੀਨ ਬਿਜਨਸ ਰਜਿਸਟਰ ਸਬੰਧੀ ਰੀਵਿਊ ਮੀਟਿੰਗ ਦੇ ਮਿਨਟਸ

ਮਿਤੀ 20.2.2015 ਨੂੰ ਚੰਡੀਗੜ੍ਹ ਵਿਖੇ ਆਰਥਿਕ ਸਲਾਹਕਾਰ ਜੀ ਦੀ ਪ੍ਰਧਾਨਗੀ ਹੇਠ ਬਿਜਨਸ ਰਜਿਸਟਰ ਸਬੰਧੀ ਰੀਵਿਊ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਸਮੂਹ ਡਾਇਰੈਕਟਰ/ਮੀਤ ਡਾਇਰੈਕਟਰ, ਸਮੂਹ ਜਿਲ੍ਹਾ ਅੰਕੜਾ ਦਫਤਰਾਂ ਦੇ ਅਧਿਕਾਰੀਆ ਅਤੇ ਕਰਮਚਾਰੀਆਂ ਵਲੋਂ ਭਾਗ ਲਿਆ ਗਿਆ। ਮੀਟਿੰਗ ਵਿੱਚ ਭਾਗ ਲੈਣ ਬਾਰੇ ਅਧਿਕਾਰੀਆਂ/ ਕਰਮਚਾਰੀਆਂ ਦੀ ਲਿਸਟ ਅਨੁੱਲਗ 'ੳ' ਤੇ ਹੈ । ਇਸ ਰੀਵਿਊ ਮੀਟਿੰਗ ਦੇ ਮਿਨਟਸ ਹੇਠ ਲਿਖੇ ਅਨੁਸਾਰ ਹਨ ।

## ਆਈਟਮ ਨੰ: 1 ਬਿਜਨਸ ਰਜਿਸਟਰ ਦੇ ਸਰਵੇ ਸਬੰਧੀ ਰੀਵਿਓ

**1.1 *ਬਿਜਨਸ ਰਜਿਸਟਰ ਦਾ ਫੀਲਡ ਸਰਵੇ:*** ਜਲੰਧਰ ਅਤੇ ਲੁਧਿਆਣਾ ਜਿਲ੍ਹਿਆਂ ਨੂੰ ਆਦੇਸ ਦਿੱਤੇ ਗਏ ਕਿ ਉਹ ਆਪਣਾ ਕੰਮ ਕ੍ਰਮਵਾਰ ਮਿਤੀ 25.2.2015 ਅਤੇ 28.2.2015 ਤੱਕ ਪੂਰਾ ਕਰਕੇ ਰਿਪੋਟ ਕਰਨ। **(ਕਾਰਵਾਈ ਵਲੋਂ ਉਪ.ਅ.ਅੰ.ਸ. ਜਲੰਧਰ ਅਤੇ ਲੁਧਿਆਣਾ)**

***1.2 ਭਰੇ ਹੋਏ BR ਸਡੂਲ ਜਮ੍ਹਾਂ ਕਰਵਾਉਣਾ:*** ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਜਿਲ੍ਹੇ ਨੂੰ ਆਦੇਸ ਦਿੱਤੇ ਗਏ ਕਿ ਉਹ ਗਿਣਤੀਕਾਰਾਂ ਤੋਂ ਸਮੁੱਚੇ ਸਰਵੇ ਦੇ ਭਰੇ ਹੋਏ ਸਡੂਲ ਕ੍ਰਮਵਾਰ ਮਿਤੀ 23.2.2015, 26.2.2015 ਅਤੇ 1.3.2015 ਤੱਕ ਜਮ੍ਹਾ ਕਰਵਾ ਕੇ ਰਿਪੋਟ ਕਰਨ।

**(ਕਾਰਵਾਈ ਵਲੋਂ ਖੋਜ ਅਫਸਰ ਅੰਮ੍ਰਿਤਸਰ, ਉਪ.ਅ.ਅੰ.ਸ. ਜਲੰਧਰ ਅਤੇ ਲੁਧਿਆਣਾ)**

***1.3 ਭਰੇ ਹੋਏ BR ਸਡੂਲਾਂ ਦੀ ਸਕਰੂਟਨੀ ਅਤੇ ਕੋਡਿੰਗ:*** ਅੰਮ੍ਰਿਤਸਰ ਅਤੇ ਜਲੰਧਰ ਜਿਲ੍ਹੇ ਨੂੰ ਆਦੇਸ ਦਿੱਤੇ ਗਏ ਕਿ ਉਹ ਸਾਰੇ ਸਡੂਲਾਂ ਦੀ ਸਕਰੂਟਨੀ ਅਤੇ ਕੋਡਿੰਗ ਮਿਤੀ 27.2.2015 ਤੱਕ ਖਤਮ ਕਰਕੇ ਰਿਪੋਰਟ ਕਰਨ। ਲੁਧਿਆਣਾ ਜਿਲ੍ਹਾ ਇਹ ਕੰਮ 2.3.2015 ਤੱਕ ਪੂਰਾ ਕਰਕੇ ਰਿਪੋਰਟ ਕਰੇ।

**(ਕਾਰਵਾਈ ਵਲੋਂ ਖੋਜ ਅਫਸਰ ਅੰਮ੍ਰਿਤਸਰ, ਉਪ.ਅ.ਅੰ.ਸ. ਜਲੰਧਰ ਅਤੇ ਲੁਧਿਆਣਾ)**

***1.4 BR ਫਾਰਮੈਟ ਵਿੱਚ ਡਾਟਾ ਐਂਟਰੀ:***

- ਜਿਹਨਾ ਜਿਲ੍ਹਿਆਂ ਨੇ 100% ਡਾਟਾ ਐਂਟਰੀ ਕਰ ਲਈ ਹੈ ਉਹ ਇਹ ਡਾਟਾ ਐਂਟਰੀ ਅਧਿਕਾਰੀ ਪੱਧਰ ਤੇ ਮੁੜ ਚੈਕ ਕਰ ਲੈਣ ਅਤੇ ਇਸ ਦੀ ਦਰੁੱਸਤੀ ਯਕੀਨੀ ਬਣਾਉਣ। ਚੈਕ ਕਰਨ ਉਪਰੰਤ ਮੁੱਖ ਦਫਤਰ ਨੂੰ ਮਿਤੀ 25.2.2015 ਤੱਕ ਪਾਲਣਾ ਰਿਪੋਟ ਭੇਜੀ ਜਾਵੇ ਅਤੇ ਜੇਕਰ ਇਸ ਵਿੱਚ ਕੋਈ ਸੋਧ ਹੋਵੇ ਤਾਂ ਸੋਧੇ BR ਦੀ ਸਾਫਟ ਕਾਪੀ ਮੁੱਖ ਦਫਤਰ ਨੂੰ ਭੇਜੀ ਜਾਵੇ। ਜੇਕਰ ਇਸ ਤੋਂ ਉਪਰੰਤ ਵੀ ਕੋਈ ਮੇਜਰ ਤਰੁੱਟੀਆਂ ਪਾਈਆ ਗਈਆਂ ਤਾਂ ਇਸ ਲਈ ਜਿਲ੍ਹਾ ਅਧਿਕਾਰੀ ਜਿੰਮੇਵਾਰ ਹੋਣਗੇ।

  **(ਕਾਰਵਾਈ ਵਲੋਂ ਸਮੂਹ ਜਿਲ੍ਹਾ ਅਧਿਕਾਰੀ)**

- ਨੋਡਲ ਅਫਸਰਾਂ ਨੂੰ ਵੀ ਆਦੇਸ ਦਿੱਤੇ ਗਏ ਕਿ ਉਹ ਵੀ ਆਪਣੇ-2 ਜਿਲ੍ਹਿਆਂ ਦੇ BR ਦੀ ਡਾਟਾ ਐਂਟਰੀ ਆਪਣੇ ਪੱਧਰ ਤੇ ਚੈਕ ਕਰ ਲੈਣ ਅਤੇ ਜੇਕਰ ਕੋਈ ਤਰੁੱਟੀਆਂ ਪਾਈਆ ਜਾਣ ਤਾਂ ਜਿਲ੍ਹਿਆਂ ਦੇ ਅਧਿਕਾਰੀਆਂ ਨੂੰ ਇਸ ਨੂੰ ਠੀਕ ਕਰਨ ਲਈ ਸੇਧ ਦੇਣ।

  **(ਕਾਰਵਾਈ ਵਲੋਂ ਸਮੂਹ ਨੋਡਲ ਅਫਸਰ)**

- ਬਠਿੰਡਾ ਜਿਲ੍ਹੇ ਨੂੰ ਆਦੇਸ ਦਿੱਤੇ ਗਏ ਕਿ ਡਾਟਾ ਐਂਟਰੀ ਦਾ ਕੰਮ 23.2.2015 ਤੱਕ ਖਤਮ ਕਰਕੇ ਰਿਪੋਟ ਕੀਤਾ ਜਾਵੇ। ਜਲੰਧਰ ਅਤੇ ਅੰਮਿਤੋਰ ਜਿਲ੍ਹੇ ਵਲੋਂ ਡਾਟਾ ਐਂਟਰੀ ਦਾ ਕੰਮ 28.2.2015 ਤੱਕ ਹਰ ਹਾਲਤ ਵਿੱਚ ਖਤਮ ਕੀਤਾ ਜਾਵੇ। ਲੁਧਿਆਣਾ ਜਿਲ੍ਹੇ ਦਾ ਕੰਮ ਵਿਸੇਸ ਹੋਣ ਕਰਕੇ ਉਹਨਾ ਨੂੰ ਡਾਟਾ ਐਂਟਰੀ ਦੇ ਕੰਮ ਲਈ 5.3.2015 ਤੱਕ ਦਾ ਸਮਾਂ ਦਿੱਤਾ ਗਿਆ।

**(ਕਾਰਵਾਈ ਵਲੋਂ ਉਪ.ਅ.ਅੰ.ਸ. ਬਠਿੰਡਾ,ਜਲੰਧਰ ਅਤੇ ਲੁਧਿਆਣਾ ਅਤੇ ਖੋਜ ਅਫਸਰ ਅੰਮ੍ਰਿਤਸਰ)**

***1.5 ਗਿਣਤੀਕਾਰਾਂ ਨੂੰ ਸਰਵੇ ਦੇ ਕੰਮ ਦੀ ਪੇਮੈਂਟ:*** ਮੁੱਖ ਦਫਤਰ ਤੇ ਸਬੰਧਤ ਅਧਿਕਾਰੀਆਂ ਨੂੰ ਆਦੇਸ ਦਿੱਤੇ ਗਏ ਕਿ ਜੋ 49.77 ਲੱਖ ਰੁਪੈ ਦੀ ਰਾਸੀ ਦੀ ਮੰਗ ਜਿਲ੍ਹਿਆਂ ਵਲੋਂ ਪ੍ਰਾਪਤ ਹੋ ਚੁੱਕੀ ਹੈ ਉਸ ਨੂੰ ਮਿਤੀ 23.2.2015 ਤੱਕ ਜਾਰੀ ਕੀਤਾ ਜਾਵੇ।

**(ਕਾਰਵਾਈ ਵਲੋਂ ਡਾਇਰੈਕਟਰ (ਪ੍ਰ), ਮੀਤ ਡਾਇਰੈਕਟਰ ( ਐਚ/ਜੇ) ਅਤੇ ISSP ਬਰਾਂਚ)**

***1.6 ਬਾਕੀ ਰਹਿੰਦੇ ਯੂਨਿਟਾਂ ਦੀ ਰਾਸੀ ਦੀ ਅਦਾਇਗੀ:***

- ਜਿਹਨਾਂ ਜਿਲ੍ਹਿਆਂ ਨੇ ਅਜੇ ਕੀਤੇ ਗਏ ਸਰਵੇ ਦੇ ਕੰਮ ਅਨੁਸਾਰ ਮੁੱਖ ਦਫਤਰ ਤੋਂ ਰਾਸੀ ਦੀ ਮੰਗ ਨਹੀਂ ਕੀਤੀ ਉਹਨਾ ਨੂੰ ਹਦਾਇਤ ਕੀਤੀ ਗਈ ਕਿ ਉਹ ਆਪਣੀ ਰਾਸੀ ਦੀ ਮੰਗ ਮਿਤੀ 24.2.2015 ਤੱਕ ਹਰ ਹਾਲਤ ਵਿੱਚ ਮੁੱਖ ਦਫਤਰ ਨੂੰ ਭੇਜਣ। ਇਸ ਦੀ ਸਕੈਨਡ ਕਾਪੀ ਸਬੰਧਤ ਨੋਡਲ ਅਫਸਰ ਦੇ ਨਾਲ-2 ISSP ਸਾਖਾ ਨੂੰ ਵੀ ਈ.ਮੇਲ ਐਡਰੈਸ issp.eso@gmail.com ਤੇ ਭੇਜੀ ਜਾਵੇ। ਸਬੰਧਤ ਨੋਡਲ ਅਫਸਰ ਇਸ ਨੂੰ ਤੁਰੰਤ ਚੈਕ ਕਰਕੇ ISSP ਸਾਖਾ ਨੂੰ ਅਦਾਇਗੀ ਲਈ ਦੇਣ।

  **(ਕਾਰਵਾਈ ਵਲੋਂ ਸਬੰਧਤ ਜਿਲ੍ਹਾ ਅਧਿਕਾਰੀ ਅਤੇ ਨੋਡਲ ਅਫਸਰ)**

- ਕਪੂਰਥਲਾ, ਅੰਮ੍ਰਿਤਸਰ, ਬਠਿੰਡਾ, ਪਟਿਆਲਾ ਅਤੇ ਜਲੰਧਰ ਦੇ ਜਿਲ੍ਹਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਹਨਾ ਦੀ ਅਜੇ ਵੱਡੀ ਮਾਤਰਾ ਵਿੱਚ ਰਾਸੀ ਦੀ ਮੰਗ ਬਾਕੀ ਹੈ। ਇਸ ਲਈ ਉਹ ਇਹ ਮੰਗ ਮਿਤੀ 24.2.2015 ਤੱਕ ਭੇਜਣਾ ਯਕੀਨੀ ਬਣਾਉਣ।

  **(ਕਾਰਵਾਈ ਵਲੋਂ ਸਬੰਧਤ ਜਿਲ੍ਹਾ ਅਧਿਕਾਰੀ ਅਤੇ ਨੋਡਲ ਅਫਸਰ)**

***1.7 BR ਸਰਵੇ ਦੀ ਟ੍ਰੇਨਿੰਗ ਦੀ ਰਾਸੀ ਬਾਰੇ:*** ਜਿਹਨਾਂ ਜਿਲ੍ਹਿਆਂ ਤੋਂ ਇਸ ਰਾਸੀ ਦੇ ਵੈਰੀਫਾਈ ਕੀਤੇ ਅਸਲ ਬਿਲ ਅਤੇ ਨਿਰਧਾਰਤ ਪ੍ਰੋਫਾਰਮੇ ਵਿੱਚ ਸੂਚਨਾ ਪ੍ਰਾਪਤ ਨਹੀਂ ਹੋਈ ਉਹਨਾਂ ਨੂੰ ਇਹ ਸੂਚਨਾ ਮਿਤੀ 28.2.2015 ਤੱਕ ਭੇਜਣ ਦੇ ਆਦੇਸ ਦਿੱਤੇ ਗਏ।

**(ਕਾਰਵਾਈ ਵਲੋਂ ਜਿਲ੍ਹਾ ਅਧਿਕਾਰੀ ਬਠਿੰਡਾ, ਮੁਕਤਸਰ, ਫਾਜਿਲਕਾ, ਫਿਰੋਜਪੁਰ,ਅੰਮ੍ਰਿਤਸਰ ਅਤੇ ਲੁਧਿਆਣਾ)**

***1.8 ਰੈਗੂਲਰ ਸਟਾਫ ਨੂੰ ਗਰਾਂਟ ਦੇ ਕੰਮ ਦਾ ਮਿਹਨਤਾਨਾ ਦੇਣ ਬਾਰੇ ਸੂਚਨਾ:*** ਜਿਹਨਾਂ ਰੈਗੂਲਰ ਅਧਿਕਾਰੀਆਂ ਕਰਮਚਾਰੀਆਂ ਨੇ ਇਸ ਵਿੱਤੀ ਸਾਲ ਦੌਰਾਨ ਆਪਣੇ ਰੈਗੂਲਰ ਦਫਤਰੀ ਕੰਮ ਦੇ ਨਾਲ-2 13ਵੇਂ ਵਿੱਤ ਕਮਿਸਨ ਦੀ ਗਰਾਂਟ ਦੇ ਕੰਮ ਵਿੱਚ ਸਹਿਯੋਗ ਦਿੱਤਾ ਹੈ ਉਹਨਾਂ ਨੂੰ ਮਿਹਨਤਾਨਾ ਦੇਣ ਬਾਰੇ ਜਿਲ੍ਹਾ ਪਟਿਆਲਾ, ਮੁਕਤਸਰ, ਅੰਮ੍ਰਿਤਸਰ ਅਤੇ ਫਾਜਿਲਕਾ ਤੋਂ ਸੂਚਨਾ ਪ੍ਰਾਪਤ ਨਹੀਂ ਹੋਈ ਹੈ। ਇਹ ਸੂਚਨਾ ਮਿਤੀ 24.2.2015 ਤੱਕ ਭੇਜਣ ਬਾਰੇ ਆਦੇਸ ਦਿੱਤੇ ਗਏ।

**(ਕਾਰਵਾਈ ਵਲੋਂ ਸਬੰਧਤ ਜਿਲ੍ਹਾ ਅਧਿਕਾਰੀ)**

***1.9 BR ਸਰਵੇ ਦੀ ਫੀਲਡ ਚੈਕਿੰਗ ਅਤੇ ਭਰੇ ਹੋਏ ਸਡੂਲਾਂ ਦੀ ਸਕਰੂਟਨੀ ਅਤੇ ਕੋਡਿੰਗ ਦੇ ਮਿਹਨਤਾਨੇ ਦੀ ਰਾਸੀ ਬਾਰੇ ਸੂਚਨਾ:*** ਜਿਹਨਾਂ ਜਿਲ੍ਹਿਆਂ ਵਲੋਂ ਇਹ ਸੂਚਨਾ ਪ੍ਰਾਪਤ ਨਹੀਂ ਹੋਈ ਉਹਨਾ ਨੂੰ ਇਹ ਮਿਤੀ 24.2.2015 ਤੱਕ ਭੇਜਣ ਦੇ ਆਦੇਸ ਦਿੱਤੇ ਗਏ।

**(ਕਾਰਵਾਈ ਵਲੋਂ ਸਬੰਧਤ ਜਿਲ੍ਹਾ ਅਧਿਕਾਰੀ ਅਤੇ ਨੋਡਲ ਅਫਸਰ)**

***1.10 ਲੋਕਲ ਏਰੀਆ ਨੈਟਵਰਕ (LAN) :***

ਜਿਲ੍ਹਾ ਇਨਚਾਰਜ ਪਠਾਨਕੋਟ ਨੂੰ ਆਦੇਸ ਦਿੱਤੇ ਗਏ ਕਿ ਜਿਲ੍ਹੇ ਵਿੱਚ LAN ਦਾ ਕੰਮ ਤੁਰੰਤ ਪੂਰਾ ਕਰਵਾ ਕੇ ਮੁੱਖ ਦਫਤਰ ਨੂੰ ਰਿਪੋਟ ਕੀਤੀ ਜਾਵੇ ਤਾਂ ਜੋ ਨੈਟਵਰਕ ਕੁਨੈਕਟੀਵਿਟੀ ਦਾ ਕੰਮ ਕਰਵਾਇਆ ਜਾ ਸਕੇ। **(ਕਾਰਵਾਈ ਵਲੋਂ ਖੋਜ ਅਫਸਰ, ਪਠਾਨਕੋਟ)**

## ਆਈਟਮ ਨੰ: 2 ਲੋਕਲ ਬਾਡੀਜ ਦੇ ਅਕਾਊਂਟਸ ਦੇ ਕੰਮ ਦੀ ਪ੍ਰਗਤੀ

ਸਾਲ 2011-12 ਦਾ ਲੋਕਲ ਬਾਡੀਜ ਅਕਾਊਂਟਸ ਦਾ 8525 ਪੰਚਾਇਤਾਂ ਦਾ ਕੰਮ ਅਜੇ ਪੈਡਿੰਗ ਹੈ। ਇਸ ਸਬੰਧੀ ਸਮੂਹ ਸਬੰਧਤ ਜਿਲ੍ਹਿਆਂ ਨੂੰ ਇਹ ਕੰਮ 15.3.2015 ਤੱਕ ਖਤਮ ਕਰਕੇ ਡਾਟਾ ਭੇਜਣ ਦੇ ਆਦੇਸ ਦਿੱਤੇ ਗਏ । **(ਕਾਰਵਾਈ ਵਲੋਂ ਸਬੰਧਤ ਜਿਲਾ ਅਧਿਕਾਰੀ)**

ਮੀਟਿੰਗ ਦੇ ਅੰਤ ਵਿੱਚ ਆਰਥਿਕ ਸਲਾਹਕਾਰ ਜੀ ਵਲੋਂ ਸਮੂਹ ਸਬੰਧਤ ਅਧਿਕਾਰੀਆਂ ਨੂੰ ਆਦੇਸ ਦਿੱਤੇ ਗਏ ਕਿ ਉਪਰੋਕਤ ਦਿੱਤੇ ਆਦੇਸਾਂ ਅਨੁਸਾਰ ਕੰਮ ਨਿਰਧਾਰਤ ਸਮੇਂ ਵਿੱਚ ਪੂਰਾ ਕਰਨਾ ਯਕੀਨੀ ਬਣਾਇਆ ਜਾਵੇ।

## ਆਈਟਮ ਨੰ:3 ਐਮ.ਪੀ.ਲੈਡਜ

1) ਮਾਨਯੋਗ ਆਰਥਿਕ ਸਲਾਹਕਾਰ ਜੀ ਵਲੋਂ ਸਮੂਹ ਨੋਡਲ ਜਿਲਿਆਂ ਦੇ ਉਪ ਅਰਥ ਅਤੇ ਅੰਕੜਾ ਸਲਾਹਕਾਰਾਂ ਨੂੰ 14ਵੀਂ ਲੋਕ ਸਭਾ ਅਤੇ ਸਾਬਕਾ ਰਾਜ ਸਭਾ ਦੇ ਮੈਂਬਰਾਂ ਦੇ ਖਾਤੇ ਜੀਰੋ ਬੈਲੇਸ ਕਰਨ ਉਪਰੰਤ ਫਾਈਨਲ ਐਮ.ਪੀ.ਆਰ. ਜੀਰੋ ਬੈਲੇਸ ਅਤੇ ਫਾਈਨਲ ਵਰਤੋਂ ਸਰਟੀਫਿਕੇਟ ਅਤੇ ਆਡਿਟ ਸਰਟੀਫਿਕੇਟ ਮੌਸਪੀ ਭਾਰਤ ਸਰਕਾਰ ਨੂੰ ਭੇਜਣ ਦੇ ਆਦੇਸ ਦਿੱਤੇ ਅਤੇ ਇਸ ਦੀ ਕਾਪੀ ਮੁੱਖ ਦਫਤਰ ਭੇਜਣ ਲਈ ਕਿਹਾ।

2) ਪੈਡਿੰਗ ਕਿਸ਼ਤਾਂ ਮੌਸਪੀ ਭਾਰਤ ਸਰਕਾਰ ਤੋਂ ਰਲੀਜ ਕਰਵਾਉਣ ਲਈ Unsactioned Balance ਅਤੇ Unspent Balance ਘਟਾਉਣ ਲਈ ਢੁਕਵੀਂ ਕਾਰਵਾਈ ਕਰਨ ਲਈ ਨੋਡਲ ਜਿਲਿਆਂ ਦੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਨਿਰਦੇਸ ਦਿੱਤੇ ਗਏ ਤਾਂ ਜੋ ਸਾਲ 2014-15 ਲਈ 16ਵੀਂ ਲੋਕ ਸਭਾ ਦੀ ਦੂਜੀ ਕਿਸਤ ਭਾਰਤ ਸਰਕਾਰ ਤੋਂ ਜਾਰੀ ਕਰਵਾਈ ਜਾ ਸਕੇ।

3) ਜਿਲਾ ਜਲੰਧਰ ਦੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਵਲੋਂ 5.00 ਲੱਖ ਰੁਪਏ ਦੀ ਰਾਸੀ ਕਾਰਜਕਾਰੀ ਇੰਜੀਨੀਅਰ ਅਤੇ ਉਪ ਮੰਡਲ ਇੰਜੀਨੀਅਰ ਪੰਚਾਇਤੀ ਰਾਜ ਜਲੰਧਰ ਤੋਂ ਵਾਪਿਸ ਕਰਵਾਉਣ ਦੇ ਸਬੰਧ ਵਿੱਚ ਸਪਸਟੀਕਰਨ ਦਿੱਤਾ ਗਿਆ ਕਿ ਡਿਪਟੀ ਕਮਿਸਨਰ ਜਲੰਧਰ ਵਲੋਂ ਕਮਿਸਨਰ ਜਲੰਧਰ ਨੂੰ ਕੇਸ ਦੁਬਾਰਾ ਵਿਚਾਰਨ ਹਿੱਤ ਭਾਰਤ ਸਰਕਾਰ ਨੂੰ ਭੇਜਣ ਲਈ ਬੇਨਤੀ ਕੀਤੀ ਗਈ ਹੈ। ਆਰਥਿਕ ਸਲਾਹਕਾਰ ਜੀ ਵਲੋਂ ਸਬੰਧਤ ਉਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਤਾਜਾ ਸਥਿਤੀ ਸਬੰਧੀ ਤੁਰੰਤ ਮੁੱਖ ਦਫਤਰ ਸੂਚਨਾ ਭੇਜਣ ਲਈ ਨਿਰਦੇਸ ਦਿੱਤੇ।

4) ਜਿਲਾ ਸ੍ਰੀ ਮੁਕਤਸਰ ਸਾਹਿਬ ਦੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਏ.ਐਫ.ਸੀ. ਦੀ ਰਿਪੋਟ ਨਿੱਜੀ ਪੱਧਰ ਤੇ ਮੁੱਖ ਦਫਤਰ ਤੋਂ ਪ੍ਰਾਪਤ ਕਰਨ ਉਪਰੰਤ ਏ.ਟੀ.ਆਰ. ਤੁਰੰਤ ਮੌਸਪੀ ਨੂੰ ਭੇਜਣ ਦੇ ਆਦੇਸ ਦਿੱਤੇ ਗਏ।

5) ਮੌਸਪੀ ਵਲੋਂ ਦਿੱਤੀਆਂ ਗਾਈਡਲਾਈਨਾਂ ਅਨੁਸਾਰ ਆਰਥਿਕ ਸਲਾਹਕਾਰ ਜੀ ਵਲੋਂ ਸਮੂਹ ਨੋਡਲ ਜਿਲਾ ਅਧਿਕਾਰੀਆਂ ਨੂੰ ਐਮ.ਪੀ.ਸਾਹਿਬ ਵਲੋਂ ਕੀਤੀਆਂ ਸਿਫਾਰਸਾਂ ਤੇ ਯੋਗ ਕਾਰਵਾਈ ਅਤੇ ਸੈਕਸਨ 75 ਦਿਨਾਂ ਵਿੱਚ ਕਰਨ, ਕਿਸੇ ਵੀ ਰਿਕਮੈਂਡੇਸਨ ਦੀ ਕਿਸੇ ਪ੍ਰਕਾਰ ਨਾਲ ਰਿਜੈਕਸਨ ਸਬੰਧੀ ਸੂਚਨਾ 45 ਦਿਨਾਂ ਦੇ ਵਿੱਚ ਸਬੰਧਤ ਐਮ.ਪੀ.ਸਾਹਿਬਾਨ ਨੂੰ ਰਿਪੋਟ ਕਰਨ ਅਤੇ 15ਵੀਂ ਲੋਕ ਸਭਾ ਲਈ ਆਖਰੀ ਜਾਰੀ ਕੀਤੀ ਰਾਸੀ ਦੀ ਵਰਤੋਂ 18 ਮਹੀਨੇ ਤੱਕ ਕਰਨ ਸਬੰਧੀ ਜਰੂਰੀ ਨਿਰਦੇਸ ਦਿੱਤੇ ਗਏ। ਇਸ ਉਪਰੰਤ ਜੀਰੋ ਬੈਲੇਸ ਐਮ.ਪੀ.ਆਰ., ਫਾਈਨਲ ਯੂ.ਸੀ. ਅਤੇ ਫਾਈਨਲ ਏ.ਸੀ. ਮੌਸਪੀਭਾਰਤ ਸਰਕਾਰ ਨੂੰ ਭੇਜਣ ਦੇ ਆਦੇਸ ਦਿੱਤੇ ਗਏ। ਜੇਕਰ ਕਿਸੇ ਕਾਰਨ ਫੰਡਜ 1 ਮਹੀਨੇ ਤੱਕ ਵੀ ਖਰਚ ਨਹੀਂ ਹੁੰਦੇ ਤਾਂ ਬਕਾਇਆ ਫੰਡਜ ਭਾਰਤ ਸਰਕਾਰ ਨੂੰ ਵਾਪਸ ਕੀਤੇ ਜਾਣਗੇ ਅਤੇ ਇਸ ਦੀ ਉਪ ਅਰਥ ਅਤੇ ਅੰਕੜਾ ਸਲਾਹਕਾਰ ਦੀ ਨਿੱਜੀ ਜਿਮੇਵਾਰੀ ਹੋਵੇਗੀ।

6) ਐੱਸਪੀ ਦੁਆਰਾ ਜਾਰੀ ਹਦਾਇਤਾਂ file No.C-42/2013-MPLADS dt. 26-11-14 ਅਨੁਸਾਰ ਐਮ.ਪੀ.ਲੈਡ ਫੰਡਾਂ ਦੇ ਬੈਂਕ ਅਕਾਊਂਟ savifix accounts and auto sweep facility ਰਾਹੀਂ ਜਿਆਦਾ ਵਿਆਜ ਪ੍ਰਾਪਤ ਕਰਨ ਲਈ ਆਰਥਿਕ ਸਲਾਹਕਾਰ ਜੀ ਵਲੋਂ ਸਮੂਹ ਜਿਲਾ ਅਧਿਕਾਰੀਆਂ ਨੂੰ ਨਿਰਦੇਸ ਦਿੱਤੇ ਗਏ।

7) ਸਮੂਹ ਜਿਲਾ ਅਧਿਕਾਰੀਆਂ ਨੂੰ ਐਮ.ਪੀ.ਲੈਡ ਫੰਡਾਂ ਨੂੰ ਕਾਰਜਕਾਰੀ ਏਜੰਸੀਆਂ ਦੁਆਰਾ ਵਰਤਣ ਉਪਰੰਤ ਵਰਤੋਂ ਸਰਟੀਫਿਕੇਟ ਦੇਣ ਸਮੇਂ ਇਸ ਰਾਸੀ ਉਪਰ ਵਿਆਜ ਵੀ ਵਾਪਸ ਕਰਨ ਲਈ ਕਿਹਾ ਗਿਆ। ਕਿਉਂਕਿ ਏਜੰਸੀਆਂ ਦੁਆਰਾ ਕਾਫੀ ਸਮੇਂ ਤੱਕ ਰਾਸੀ ਦੀ ਵਰਤੋਂ ਨਹੀਂ ਕੀਤੀ ਜਾਂਦੀ।

## ਆਈਟਮ ਨੰ: 4 ਛੇਵੀਂ ਆਰਥਿਕ ਗਣਨਾ

1. ਪੈਂਡਿੰਗ ਵਰਤੋਂ ਸਰਟੀਫਿਕੇਟ:- ਸਮੂਹ ਜ਼ਿਲ੍ਹਾ ਅਧਿਕਾਰੀਆਂ ਨੂੰ ਮਾਨਯੋਗ ਆਰਥਿਕ ਸਲਾਹਕਾਰ ਜੀ ਵੱਲੋਂ ਛੇਵੀਂ ਆਰਥਿਕ ਗਣਨਾ ਦੀ ਐਨ.ਆਈ.ਸੀ. ਕੋਡਿੰਗ ਮਾਨਭੇਟਾ, ਮਾਨਭੇਟਾ ਜ਼ਿਲ੍ਹਾ ਪੱਧਰੀ ਸਟਾਫ, ਟੀ.ਏ./ਡੀ.ਏ., ਫੀਲਡ ਸਟਾਫ ਮਾਨਭੇਟਾ ਅਤੇ ਸ਼ਡਿਊਲ 6ਸੀ ਮਾਨਭੇਟਾ ਲਈ ਜਾਰੀ ਕੀਤੀ ਗਈ ਰਾਸ਼ੀ ਦੇ ਪੈਂਡਿੰਗ ਵਰਤੋਂ ਸਰਟੀਫਿਕੇਟ 15 ਮਾਰਚ ਤੱਕ ਹਰ ਹਾਲਤ ਵਿੱਚ ਮੁੱਖ ਦਫਤਰ ਭੇਜਣ ਲਈ ਆਦੇਸ਼ ਦਿੱਤੇ ਗਏ।

2. ਐਨ.ਆਈ.ਸੀ. ਮਿਸਿੰਗ /ਇਨਵੈਲਿਡ ਕੋਡ:- ਸਕੈਨਿੰਗ ਸੈਂਟਰ ਫਰੀਦਾਬਾਦ ਤੋਂ ਪ੍ਰਾਪਤ ਐਨ.ਆਈ.ਸੀ. ਮਿਸਿੰਗ/ਇਨਵੈਲਿਡ ਕੋਡਾਂ ਨੂੰ ਠੀਕ ਕਰਨ ਉਪਰੰਤ ਫਾਈਲ ਸਕੈਨਿੰਗ ਸੈਂਟਰ ਨੂੰ ਮਿਤੀ 25-02-2015 ਤੱਕ ਭੇਜਣ ਦੇ ਆਦੇਸ਼ ਪੈਂਡਿੰਗ ਪਏ 10ਜ਼ਿਲ੍ਹਿਆਂ ਦੇ ਜ਼ਿਲ੍ਹਾ ਅਧਿਕਾਰੀਆਂ ਨੂੰ ਦਿੱਤੇ।

## ਆਈਟਮ ਨੰ: 5 ਪੈਡਿੰਗ ਅੰਕੜਾਤਮਕ ਸੂਚਨਾ

5.1 ਰਾਸਟਰੀ ਨਮੂਨਾ ਸਰਵੇਖਣ ਦੇ 72ਵੇਂ ਸਬ ਦੌਰ ਲਈ ਜਿਲ੍ਹਾ ਲੁਧਿਆਣਾ , ਪਟਿਆਲਾ,ਜਲੰਧਰ ਤੇ ਫਿਰੋਜਪੁਰ ਨੂੰ ਸੂਚਨਾ ਤੁਰੰਤ ਮੁੱਹਈਆ ਕਰਵਾਉਣ ਦੀ ਹਦਾਇਤ ਕੀਤੀ ਗਈ ।

5.2 ਨਗਰ ਪਾਲਿਕਾ ਅੰਕੜਾ ਪੁਸਤਕ 2013-14 ਬਾਰੇ ਦੱਸਿਆ ਗਿਆ ਕਿ ਸਿਰਫ ਜਿਲ੍ਹਾ ਮੁਕਤਸਰ ਤੇ ਬਠਿੰਡਾ ਦੀ ਸੂਚਨਾ ਪੈਡਿੰਗ ਹੋਣ ਕਾਰਣ ਰਿਪੋਰਟ ਅੰਤਿਮ ਨਹੀਂ ਹੋ ਸਕੀ ਹੈ। ਸੋ ਜਲਦੀ ਆਨ ਲਾਈਨ ਕਰਨ ਦੇ ਆਦੇਸ ਦਿੱਤੇ ਗਏ ।

5.3 ਕਰਮਚਾਰੀਆਂ ਦੀ ਗਣਨਾ 31-3-2014 ਦੀ ਮਹੱਤਤਾ ਦਸਦੇ ਹੋਏ ਜਿਲ੍ਹਾ ਮੋਹਾਲੀ, ਫਰੀਦਕੋਟ, ਮੁਕਤਸਰ, ਬਠਿੰਡਾ, ਫਾਜਿਲਕਾ ਅਤੇ ਰੂਪਨਗਰ ਨੂੰ ਤੁਰੰਤ ਆਨਲਾਈਨ ਕਰਨ ਦੇ ਆਦੇਸ ਦਿੱਤੇ ਗਏ ।

ਮੀਟਿੰਗ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।

ਮਿਤੀ 20-2-2015 ਨੂੰ ਹੋਈ ਵਿਭਾਗੀ ਰੀਵਿਊ ਮੀਟਿੰਗ ਦੀ ਹਾਜਰੀ ਰਿਪੋਰਟ ।

| ਕ੍ਰਮ ਅੰਕ | ਨਾਮ /ਅਹੁਦਾ/ ਦਫਤਰ<br>ਸਰਵ ਸ੍ਰੀ/ਸ੍ਰੀਮਤੀ |
|---|---|
| 1 | ਪਰਮਿੰਦਰ ਸਿੰਘ ਵਾਲੀਆ, ਡਾਇਰੈਕਟਰ |
| 2 | ਤੀਰਥ ਸਿੰਘ, ਡਾਇਰੈਕਟਰ |
| 3 | ਹਰਵਿੰਦਰ ਸਿੰਘ, ਮੀਤ ਡਾਇਰੈਕਟਰ |
| 4 | ਜਗਦੀਪ ਸਿੰਘ, ਮੀਤ ਡਾਇਰੈਕਟਰ |
| 5 | ਕੁਲਦੀਪ ਕੌਰ,ਮੀਤ ਡਾਇਰੈਕਟਰ |
| 6 | ਪਰਮਜੀਤ ਸਿੰਘ, ਉਪ.ਅ.ਅੰ.ਸ. ਸੰਗਰੂਰ ਤੇ ਬਰਨਾਲਾ |
| 7 | ਰਾਣੀ, ਉਪ.ਅ.ਅੰ.ਸ. , ਜਲੰਧਰ |
| 8 | ਸੁਖਮਿੰਦਰ ਸਿੰਘ, ਉਪ.ਅ.ਅੰ.ਸ., ਐਸ.ਏ.ਐਸ.ਨਗਰ |
| 9 | ਦਪਿੰਦਰ ਕੋਰ, ਉਪ.ਅ.ਅੰ.ਸ. |
| 10 | ਪਰਮਿੰਦਰ ਕੌਰ , ਉਪ.ਅ.ਅੰ.ਸ. ਪਟਿਆਲਾ |
| 11 | ਇਕਬਾਲ ਸਿੰਘ, ਉਪ.ਅ.ਅੰ.ਸ਼, ਬਠਿੰਡਾ ਤੇ ਮੁਕਤਸਰ |
| 12 | ਰਾਕੇਸ ਕਾਲੀਆ, ਉਪ.ਅ.ਅੰ.ਸ਼, ਹੁਸਿਆਰਪੁਰ |
| 13 | ਪ੍ਰਿਤਪਾਲ ਸਿੰਘ, ਉਪ.ਅ.ਅੰ.ਸ਼, ਫਤਿਹਗੜ੍ਹ ਸਾਹਿਬ |
| 14 | ਲਖਵਿੰਦਰ ਸਿੰਘ, ਉਪ.ਅ.ਅੰ.ਸ਼, ਤਰਨਤਾਰਨ |
| 15 | ਭੁਪਿੰਦਰ ਕੌਰ, ਉਪ.ਅ.ਅੰ.ਸ. ਕਪੂਰਥਲਾ |
| 16 | ਰਾਜਿੰਦਰ ਕੌਰ, ਉਪ.ਅ.ਅੰ.ਸ਼, ਰੋਪੜ |
| 17 | ਗੁਰਮੀਤ ਸਿੰਘ, ਖੋਜ ਅਫਸਰ, ਮੁੱਖ ਦਫਤਰ |
| 18 | ਹਰਬੰਸ ਸਿੰਘ ,ਖੋਜ ਅਫਸਰ , ਮਾਨਸਾ |
| 19 | ਚੰਚਲ ਬਾਲਾ , ਖੋਜ ਅਫਸਰ, ਮੁੱਖ ਦਫਤਰ |
| 20 | ਚਰਨਜੀਤ ਸਿੰਘ, ਖੋਜ ਅਫਸਰ, ਅੰਮ੍ਰਿਤਸਰ |
| 21 | ਅਸੋਕ ਕੁਮਾਰ, ਖੋਜ ਅਫਸਰ, ਗੁਰਦਾਸਪੁਰ |
| 22 | ਨਰੇਸ ਕੁਮਾਰ, ਖੋਜ ਅਫਸਰ , ਐਸ.ਬੀ.ਐਸ.ਨਗਰ |
| 23 | ਸੁਨੀਤਾ ਬੈਂਸ, ਖੋਜ ਅਫਸਰ, ਕਪੂਰਥਲਾ |
| 24 | ਅਸੋਕ ਚਟਾਨੀ, ਖੋਜ ਅਫਸਰ, ਫਿਰੋਜਪੁਰ ਅਤੇ ਫਾਜਿਲਕਾ |
| 25 | ਮੀਨਾ ਰਾਣੀ , ਖੋਜ ਅਫਸਰ, ਮੁੱਖ ਦਫਤਰ |
| 26 | ਸਰਬਜੀਤ ਕੌਰ, ਖੋਜ ਅਫਸਰ , ਮੁੱਖ ਦਫਤਰ |
| 27 | ਸੁਰਿੰਦਰ ਕੁਮਾਰ ,ਖੋਜ ਅਫਸਰ, ਲੁਧਿਆਣਾ |
| 28 | ਰਵਿੰਦਰ ਪਾਲ ਦੱਤਾ, ਖੋਜ ਅਫਸਰ, ਪਠਾਨਕੋਟ |
| 29 | ਸਰਵਣ ਸਿੰਘ, ਜਿਲ੍ਹਾ ਅੰਕੜਾ ਅਫਸਰ, ਮੋਗਾ |
| 30 | ਮੇਜਰ ਸਿੰਘ, ਸਹਾਇਕ ਖੋਜ ਅਫਸਰ, ਮੁੱਖ ਦਫਤਰ |
| 31 | ਰੁਪਿੰਦਰ ਸਿੰਘ ,ਇਨਵੈਸਟੀਗੇਟਰ , ਸ੍ਰੀ ਮੁਕਤਸਰ ਸਾਹਿਬ |

| | |
|---|---|
| **32** | ਬਿਕਰਮਜੀਤ ਸਿੰਘ, ਇਨਵੈਸਟੀਗੇਟਰ, ਜਿਲ੍ਹਾ ਅੰਕੜਾ ਦਫਤਰ, ਪਟਿਆਲਾ |
| **33** | ਸੰਜੀਵ ਮਹਿਮੀ, ਕਲਰਕ, ਜਿਲ੍ਹਾ ਅੰਕੜਾ ਦਫਤਰ, ਪਟਿਆਲਾ |
| **34** | ਗੁਰਨਾਮ ਸਿੰਘ, ਸਟੈਟਿਸਟੀਕਲ ਪ੍ਰਸੋਨਲ ਜਿਲ੍ਹਾ ਅੰਕੜਾ ਦਫਤਰ, ਫਰੀਦਕੋਟ |